# DEPARTMENT OF SOCIAL JUSTICE EMPOWERMENT AND MINORITIES, PUNJAB.

## ADMISSION NOTICE FOR FREE COACHING FOR PROBATIONARY OFFICER (BANK) AND ASSISTANT ADMINISTRATIVE OFFICERS (LIC/GIC) EXAMINATION 2023

Applications are invited for free coaching of Probationary Officer (Bank) and Assistant Administrative Officers (LIC/GIC) Examination 2023 at Ambedkar Institute of Careers & Courses, Phase 3B-II, S.A.S. Nagar, Mohali from eligible, Graduate Scheduled Castes, Other Backward Classes and Minorities (i.e. Muslims, Sikhs, Christians, Bodhis, Zoroastrians and Jains) category candidates of Punjab domicile. The family income of the candidate from all the sources should not be more than Rs. 3.00 lakh per annum. Out of the total seats for the course 50% seats are reserved for Scheduled Castes, 30% for Other Backward Classes and 20% for candidates belonging to Minority community, provided that 30% women and 5% disabled candidates may be covered in each category, subject to availability. Selected candidates will be provided free coaching, free hostel accommodation and financial assistance as per Govt. rules. Those candidates who have received coaching twice under any state/central govt. sponsored scheme are not eligible. Candidates who have received coaching once under the scheme can be considered for this course subject to certain conditions.

The selection of the candidate will be made on the basis of objective type test of General English, Quantitative Aptitude, Reasoning and Current Events to be held at Ambedkar Institute of Careers and Courses, Phase 3B-2, S.A.S. Nagar, Mohali on **07-06-2023** at **10.00 AM.** The Pattern and Syllabus of the test will be same as for the banking exam conducted by I.B.P.S.( Institute of Banking Personnel Selection).Duration of the test will be 1 Hour. Candidate should bring a passport size photograph and a photo I.D. proof such as Aadhaar Card, Voter card, Driving Licence etc, a blue ball pen and preferably a cardboard for writing the paper at the time of the test.

Application in the format given below along with self attested copies of all the certificates in support of educational qualifications (DMC of Graduation), age (DMC of Matric), caste certificate (in case of minorities an affidavit in this regard), domicile etc should reach the office of the Principal, Ambedkar Institute of Careers and Courses, Phase 3B-2, Mohali on 24-05-2023. Candidates are advised to post their applications well in advance of the last date. No application will be received by hand or by post after 5 PM of the last date. Candidates are requested to check their eligibility before appearing for the test. No separate call letters or admission card will be issued for the test. The candidates who have appeared in the final year of their graduation examination will be considered only if they submit the proof of their clearing the examination at the time of test i.e. **07-06-2023**

Selection of the candidates for the course will be made only on the basis of their performance in the test. Candidature of the candidate will be cancelled if any information or claim is not found substantiated when the scrutiny of the documents of the shortlisted candidates is undertaken by the institute. Selected candidates will have to submit income proof along with original documents at the time of joining the course. The duration of the course is 4 months.

**Director**
**Social Justice, Empowerment and Minorities, Punjab, SAS Nagar**

CamScanner

## Format for Application

**(Candidates should get the application typed in the format given below on a plain paper)**

**Application for Bank(P.O)/L.I.C(A.A.O)-2023 coaching course**

| Paste here self attested passport size latest Photograph |
|---|

1. Name of the Candidate:
2. Father's Name:
3. Date of birth:
4. Permanent address:
5. Correspondence address (with phone No. & E-mail address):
6. Category (Scheduled Castes/Other Backward Class/Minority):
7. Caste:
8. Are you handicapped, If yes attach proof:
9. Percentage of marks in graduation:
10. Any other examination passed after graduation,

    If yes, State examination(s) passed:
11. Family income from all sources:
12. Detail of previous received coaching including

    period of coaching & the name of the institute

**Date** **Signature of the candidate**

Note: **The facility of on-line submission of applications is not available at present. Candidates should send their applications by post or submit it by hand well in advance of the last date. Applications received after the last date will not be entertained.**

CamScanner

# ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ

## ਬੈਂਕ ਪੀ.ਓ. ਅਤੇ ਏ.ਓ.ਓ.(ਐਲ.ਆਈ.ਸੀ./ਜੀ.ਆਈ.ਸੀ.)-2023 ਲਈ ਐਂਟਰੈਂਸ ਟੈਸਟ ਵਾਸਤੇ ਫਰੀ ਕੋਚਿੰਗ ਲਈ ਦਾਖਲਾ ਸੂਚਨਾ

ਅੰਬੇਡਕਰ ਇੰਸਟੀਚਿਊਟ ਆਫ ਕਰੀਅਰਜ਼ ਐਂਡ ਕੋਰਸਿਜ਼, ਫੇਸ 3ਬੀ 2, ਐਸ.ਏ.ਐਸ.ਨਗਰ ਵਿਖੇ ਪ੍ਰੋਬੇਸ਼ਨਰੀ ਆਫੀਸਰ (ਬੈਂਕ) ਅਤੇ ਅਸਿਸਟੈਂਟ ਐਡਮਨਿਸਟ੍ਰੇਟਿਵ ਆਫੀਸਰਜ(ਐਲ.ਆਈ.ਸੀ./ ਜੀ.ਆਈ.ਸੀ.) ਪ੍ਰੀਖਿਆ-2023 ਦੀ ਕੋਚਿੰਗ ਪ੍ਰਾਪਤ ਕਰਨ ਲਈ ਪੰਜਾਬ ਦੇ ਪੱਕੇ ਵਸਨੀਕ, ਅਨੁਸੂਚਿਤ ਜਾਤੀਆਂ, ਹੋਰ ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਸਮੁਦਾਇ (ਮੁਸਲਿਮ, ਸਿੱਖ, ਇਸਾਈ, ਬੋਧੀ, ਪਾਰਸੀ ਅਤੇ ਜੈਨੀ) ਨਾਲ ਸਬੰਧਤ ਉਮੀਦਵਾਰਾਂ, ਜਿਨ੍ਹਾਂ ਨੇ ਗ੍ਰੈਜੂਏਸ਼ਨ ਕੀਤੀ ਹੋਵੇ, ਤੋਂ ਬਿਨੈਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ। ਉਮੀਦਵਾਰ ਦੇ ਮਾਪਿਆਂ ਦੀ ਸਾਰੇ ਸਰੋਤਾਂ ਤੋਂ ਆਮਦਨ 3.00 ਲੱਖ ਰੁਪਏ ਪ੍ਰਤੀ ਸਾਲ ਤੋਂ ਵਧੇਰੇ ਨਹੀਂ ਹੋਣੀ ਚਾਹੀਦੀ। ਕੋਰਸ ਦੀਆਂ ਕੁੱਲ ਸੀਟਾਂ ਵਿਚੋਂ 50% ਸੀਟਾਂ ਅਨੁਸੂਚਿਤ ਜਾਤੀਆਂ, 30% ਸੀਟਾਂ ਹੋਰ ਪੱਛੜੀਆਂ ਸ਼੍ਰੇਣੀਆਂ ਲਈ ਅਤੇ 20% ਸੀਟਾਂ ਘੱਟ ਗਿਣਤੀ ਵਰਗ ਨਾਲ ਸਬੰਧਤ ਉਮੀਦਵਾਰਾਂ ਲਈ ਰਾਖਵੀਆਂ ਹਨ, ਬਸ਼ਰਤੇ ਕਿ ਉਪਲਬਧਤਾ ਦੇ ਤਹਿਤ ਹਰੇਕ ਸ੍ਰੇਣੀ ਵਿਚ 30% ਮਹਿਲਾਵਾਂ ਅਤੇ 5% ਅਪਾਹਜ ਉਮੀਦਵਾਰ ਸ਼ਾਮਲ ਕੀਤੇ ਜਾ ਸਕਦੇ ਹਨ। ਹਰੇਕ ਚੁਣੇ ਗਏ ਉਮੀਦਵਾਰ ਨੂੰ ਸਰਕਾਰੀ ਨਿਯਮਾਂ ਦੇ ਅਨੁਸਾਰ ਮੁਫਤ ਕੋਚਿੰਗ, ਮੁਫਤ ਹੋਸਟਲ ਆਵਾਸ ਅਤੇ ਵਿੱਤੀ ਸਹਾਇਤਾ ਮੁਹੱਈਆ ਕੀਤੀ ਜਾਵੇਗੀ। ਉਹਨਾਂ ਉਮੀਦਵਾਰਾਂ ਜਿਨ੍ਹਾਂ ਨੇ ਕਿਸੇ ਰਾਜ ਸਰਕਾਰ ਜਾਂ ਭਾਰਤ ਸਰਕਾਰ ਦੀ ਫਰੀ ਸਕੀਮ ਅਧੀਨ ਦੋ ਵਾਰੀ ਕੋਚਿੰਗ ਪ੍ਰਾਪਤ ਕੀਤੀ ਹੈ, ਨੂੰ ਵਿਚਾਰਿਆ ਨਹੀਂ ਜਾਵੇਗਾ। ਉਹ ਉਮੀਦਵਾਰ ਜਿਨ੍ਹਾਂ ਨੇ ਇਸ ਸਕੀਮ ਤਹਿਤ ਪਹਿਲਾਂ ਇੱਕ ਵਾਰੀ ਕੋਚਿੰਗ ਪ੍ਰਾਪਤ ਕੀਤੀ ਹੈ, ਉਹਨਾਂ ਨੂੰ ਕੁਝ ਸ਼ਰਤਾਂ ਤਹਿਤ ਹੀ ਵਿਚਾਰਿਆ ਜਾਵੇਗਾ।

ਉਮੀਦਵਾਰ ਦੀ ਚੋਣ ਜਨਰਲ ਇੰਗਲਿਸ਼, ਕੁਆਂਟੀਟੇਟਿਵ ਐਪਟੀਚਿਊਡ, ਰੀਜ਼ਨਿੰਗ ਅਤੇ ਕਰੰਟ ਇਵੈਂਟਸ ਵਿਸ਼ਿਆਂ ਦੇ ਆਬਜੈਕਟਿਵ ਟਾਈਪ ਟੈਸਟ ਦੇ ਆਧਾਰ ਤੇ ਕੀਤੀ ਜਾਵੇਗੀ, ਜੋ ਕਿ ਮਿਤੀ 07-06-2023 ਨੂੰ ਸਵੇਰੇ 10.00 ਵਜੇ ਅੰਬੇਦਕਰ ਇੰਸਟੀਚਿਊਟ ਆਫ ਕੈਰੀਅਰਜ ਐਂਡ ਕੋਰਸਿਜ, ਫੇਸ 3ਬੀ 2, ਐਸ.ਏ.ਐਸ. ਨਗਰ ਵਿਚ ਆਯੋਜਿਤ ਕੀਤਾ ਜਾਵੇਗਾ। ਇਹ ਟੈਂਸਟ ਇੱਕ ਘੰਟੇ ਦਾ ਹੋਵੇਗਾ। ਉਮੀਦਵਾਰ ਟੈਸਟ ਦੇ ਸਮੇਂ ਤੇ ਇੱਕ ਪਾਸਪੋਰਟ ਆਕਾਰ ਦੀ ਫੋਟੋਗ੍ਰਾਫ ਅਤੇ ਇੱਕ ਫੋਟੋ ਪਹਿਚਾਣ ਪੱਤਰ ਜਿਵੇਂ ਕਿ ਆਧਾਰ ਕਾਰਡ, ਵੋਟਰ ਕਾਰਡ, ਡਰਾਈਵਿੰਗ ਲਾਇਸੰਸ ਆਦਿ, ਇੱਕ ਨੀਲਾ ਬਾਲ ਪੈਂਨ ਅਤੇ ਪੇਪਰ ਦੇਣ ਲਈ ਇੱਕ ਕਾਰਡ ਬੋਰਡ (ਗੱਤਾ) ਨਾਲ ਲੈ ਕੇ ਆਉਣ।

ਵਿਦਿਅਕ ਯੋਗਤਾਵਾਂ (ਗ੍ਰੈਜੂਏਸ਼ਨ ਦੀ ਡੀ.ਐਮ.ਸੀ.), ਉਮਰ (ਦਸਵੀਂ ਦੀ ਡੀ.ਐਮ.ਸੀ.), ਜਾਤੀ ਸਰਟੀਫਿਕੇਟ (ਘੱਟ ਗਿਣਤੀ ਨਾਲ ਸਬੰਧਤ ਹੋਣ ਦੀ ਸੂਰਤ ਵਿਚ ਐਫੀਡੈਵਿਟ ਲਗਾਇਆ ਜਾਵੇ), ਡੋਮੀਸਾਈਲ ਆਦਿ ਇਹਨਾਂ ਸਾਰੇ ਸਰਟੀਫਿਕੇਟਾਂ ਦੀਆਂ ਆਪਣੇ ਵਲੋਂ ਤਸਦੀਕਸ਼ੁਦਾ ਕਾਪੀਆਂ ਸਹਿਤ ਹੇਠਾਂ ਦਿੱਤੇ ਫਾਰਮੈਟ ਵਿਚ ਬਿਨੇਪੱਤਰ ਮਿਤੀ 24-05-2023 ਤੱਕ ਪ੍ਰਿੰਸੀਪਲ, ਅੰਬੇਦਕਰ ਇੰਸਟੀਚਿਊਟ ਆਫ ਕਰੀਅਰਜ ਐਂਡ ਕੋਰਸਿਜ, ਫੇਸ 3ਬੀ 2, ਐਸ.ਏ.ਐਸ.ਨਗਰ ਵਿਖੇ ਪਹੁੰਚ ਜਾਣੇ ਚਾਹੀਦੇ ਹਨ। ਨਿਸ਼ਚਿਤ ਕੀਤੀ ਮਿਤੀ ਨੂੰ 5.00 ਵਜੇ ਤੋਂ ਬਾਅਦ ਕੋਈ ਵੀ ਬਿਨੈਪੱਤਰ ਦਸਤੀ ਤੌਰ ਤੇ ਜਾਂ ਡਾਕ ਰਾਹੀਂ ਵਿਚਾਰਿਆ ਨਹੀਂ ਜਾਏਗਾ। ਟੈਂਸਟ ਦੇਣ ਲਈ ਕੋਈ ਵੀ ਪੱਤਰ ਜਾਂ ਐਡਮਿਸ਼ਨ ਕਾਰਡ ਵੱਖਰੇ ਤੌਰ ਤੇ ਜਾਰੀ ਨਹੀਂ ਕੀਤਾ ਜਾਵੇਗਾ। ਜਿਹੜੇ ਉਮੀਦਵਾਰ ਗ੍ਰੈਜੂਏਸ਼ਨ ਦੇ ਫਾਇਨਲ ਸਾਲ ਦੇ ਇਮਤਿਹਾਨ ਵਿੱਚ ਅਪੀਅਰ ਹੋਏ ਹਨ ਉਹਨਾਂ ਨੂੰ ਤਾਂ ਹੀ ਵਿਚਾਰਿਆ ਜਾਵੇਗਾ ਜੇਕਰ ਉਹ ਟੈਸਟ ਦੇ ਸਮੇਂ ਭਾਵ ਕਿ ਮਿਤੀ 07-06-2023 ਨੂੰ ਆਪਣਾ ਗ੍ਰੈਜੂਏਸ਼ਨ ਦੇ ਪਾਸ ਹੋਣ ਦਾ ਸਬੂਤ ਪੇਸ਼ ਕਰਨਗੇ।

ਉਮੀਦਵਾਰਾਂ ਦੀ ਚੋਣ ਉਨ੍ਹਾਂ ਦੇ ਟੈਂਸਟ ਦੀ ਪ੍ਰਫਾਰਮੈਂਸ ਦੇ ਆਧਾਰ ਤੇ ਹੀ ਕੀਤੀ ਜਾਵੇਗੀ। ਉਮੀਦਵਾਰ ਦੀ ਪਾਤਰਤਾ ਉਸ ਸੂਰਤ ਵਿਚ ਰੱਦ ਕਰ ਦਿੱਤੀ ਜਾਵੇਗੀ ਜੇਕਰ ਸੰਸਥਾ ਨੂੰ ਉਸ ਵੱਲੋਂ ਦਿੱਤੀ ਗਈ ਜਾਣਕਾਰੀ/ਕਲੇਮ ਉਸ ਦੇ ਦਸਤਾਵੇਜ਼ਾਂ ਦੀ ਜਾਂਚ ਪੜਤਾਲ ਦੌਰਾਨ ਸਹੀ ਨਾ ਪਾਈ ਗਈ। ਚੁਣੇ ਗਏ ਉਮੀਦਵਾਰਾਂ ਨੂੰ ਕੋਰਸ ਵਿਚ ਸ਼ਾਮਿਲ ਹੋਣ ਦੇ ਸਮੇਂ ਅਸਲ ਦਸਤਾਵੇਜ਼ਾਂ ਸਹਿਤ ਆਮਦਨ ਦਾ ਸਬੂਤ ਪੇਸ਼ ਕਰਨਾ ਹੋਵੇਗਾ। ਕੋਰਸ 4 ਮਹੀਨੇ ਤੱਕ ਚਲੇਗਾ।

ਡਾਇਰੈਕਟਰ
ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ,
ਪੰਜਾਬ, ਐਸ.ਏ.ਐਸ.ਨਗਰ

CamScanner

## ਬਿਨੇ-ਪੱਤਰ ਲਈ ਫਾਰਮੇਟ

(ਉਮੀਦਵਾਰ ਹੇਠ ਦਿੱਤੇ ਫਾਰਮੇਟ ਅਨੁਸਾਰ ਅਰਜ਼ੀ ਪਲੇਨ ਪੇਪਰ ਤੇ ਟਾਈਪ ਕਰਵਾ ਕੇ ਭੇਜਣ)

ਬੈਂਕ (ਪੀ.ਓ./ਐਲ.ਆਈ.ਸੀ.(ਏ.ਏ.ਓ.)-2023 ਦੇ ਕੋਚਿੰਗ ਕੋਰਸ ਲਈ ਬਿਨੇ-ਪੱਤਰ

| |
|---|
| ਆਪਣੇ ਵਲੋਂ ਤਸਦੀਕ ਕੀਤੀ ਹੋਈ ਪਾਸ-ਪੋਰਟ ਸਾਈਜ਼ ਫੋਟੋ ਲਗਾਈ ਜਾਵੇ। |

1. ਉਮੀਦਵਾਰ ਦਾ ਨਾਮ
2. ਪਿਤਾ ਦਾ ਨਾਮ
3. ਜਨਮ ਮਿਤੀ
4. ਸਥਾਈ ਪਤਾ
5. ਪੱਤਰ-ਵਿਹਾਰ ਦਾ ਪਤਾ
   (ਫੋਨ ਨੰ: ਅਤੇ ਈਮੇਲ ਪਤੇ ਸਹਿਤ)
6. ਵਰਗ(ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਘੱਟ ਗਿਣਤੀ)
7. ਜਾਤੀ
8. ਕੀ ਉਮੀਦਵਾਰ ਅੰਗਹੀਣਤਾ ਨਾਲ ਸਬੰਧਤ ਹੈ? ਜੇ ਹਾਂ ਤਾਂ ਸਬੂਤ ਨੱਥੀ ਕੀਤਾ ਜਾਵੇ।
9. ਗ੍ਰੈਜੂਏਸ਼ਨ ਵਿਚ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ
10. ਗ੍ਰੈਜੂਏਸ਼ਨ ਤੋਂ ਬਾਅਦ ਜੇਕਰ ਕੋਈ ਹੋਰ ਪ੍ਰੀਖਿਆ ਪਾਸ ਕੀਤੀ ਹੋਵੇ,
    ਜੇਕਰ ਹਾਂ ਤਾਂ ਪਾਸ ਕੀਤੀ ਪ੍ਰੀਖਿਆ ਦਾ ਵੇਰਵਾ ਦਿੱਤਾ ਜਾਵੇ
11. ਸਾਰੇ ਸਰੋਤਾਂ ਤੋਂ ਪਰਿਵਾਰਕ ਸਾਲਾਨਾ ਆਮਦਨ
12. ਜੇਕਰ ਪਹਿਲਾਂ ਫਰੀ ਕੋਚਿੰਗ ਪ੍ਰਾਪਤ ਕੀਤੀ ਹੈ ਤਾਂ ਉਸ ਦਾ ਵੇਰਵਾ
    ( ਕੋਚਿੰਗ ਦਾ ਸਮਾਂ ਅਤੇ ਸੰਸਥਾ ਦਾ ਨਾਮ )

ਮਿਤੀ:

ਉਮੀਦਵਾਰ ਦੇ ਹਸਤਾਖਰ

ਨੋਟ: ਬਿਨੈ-ਪੱਤਰ ਆਨਲਾਈਨ ਅਪਲਾਈ ਕਰਨ ਦੀ ਸਹੂਲਤ ਅਜੇ ਉਪਲਬਧ ਨਹੀਂ ਹੈ। ਉਮੀਦਵਾਰ ਆਖਰੀ ਮਿਤੀ ਤੋਂ ਪਹਿਲਾਂ ਪਹਿਲਾਂ ਆਪਣੇ ਬਿਨੇ-ਪੱਤਰ ਦਸਤੀ/ਡਾਕ ਰਾਹੀਂ ਭੇਜ ਸਕਦੇ ਹਨ। ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੇ-ਪੱਤਰ ਨਹੀਂ ਵਿਚਾਰਿਆ ਜਾਵੇਗਾ।

CS CamScanner